# SOUTHLAND TRANSPORTATION LTD.

## Questions & Answers for Calgary Parents

## ਸਵਾਲ ਜਵਾਬ ਕੈਲਗਰੀ ਦੇ ਮਾਪਿਆਂ ਲਈ

**1. ? ਮੇਰੇ ਬੱਚੇ ਦੀ ਵਾਪਸੀ ਬੱਸ ਸਹੀ ਟਾਇਮ ਤੇ ਸਟਾਪ ਤੇ ਨਹੀਂ ਆਈ ਤੇ ਮੈਂ ਕਿੰਨਾ ਚਿਰ ਇੰਤਜ਼ਾਰ ਕਰਾ।**
- ਜੇਕਰ ਕੋਈ ਜ਼ਰੂਰੀ ਜਿਵੇਂ (ਖਰਾਬ ਮੌਸਮ) 20-30 ਮਿੰਟ ਦੀ ਦੇਰੀ ਨਾਰਮਲ ਹੈ।

**2. ? ਅਗਰ ਮੇਰਾ ਬੱਚਾ ਬੱਸ ਵਿੱਚੋਂ ਨਹੀਂ ਉਤਰਿਆ ਮੈਂ ਕਿਸਨੂੰ ਫੋਨ ਕਰਾ।**
- ਡਰਾਈਵਰ ਨੂੰ ਪੁੱਛੋ ਉਹ ਸਾਊਥਲੈਂਡ ਆਫਿਸ ਨੂੰ ਰੇਡੀਉ ਤੇ ਪਤਾ ਕਰ ਸਕਦਾ ਹੈ।

**3. ? ਅਗਰ ਬੱਸ ਲੇਟ ਹੋਵੇ ਤਾਂ ਤੁਸੀਂ ਮੈਨੂੰ ਫੋਨ ਕਰ ਸਕਦੇ ਹੋ।**
- ਨਹੀਂ ਸਾਊਥਲੈਂਡ ਵਾਲਿਆਂ ਕੋਲ ਨਾ ਹੀ ਬੱਚਿਆਂ ਦੀ ਲਿਸਟ ਅਤੇ ਨਾ ਹੀ ਫੋਨ ਨੰਬਰ ਹੈ।

**4. ? ਕੀ ਮੇਰਾ ਕਿਡਰਗਾਰਟਨ ਬੱਚਾ ਬੱਸ ਤੇ ਚੜ੍ਹਕੇ ਦੇਖ ਸਕਦਾ ਹੈ।**
- ਹਾਂ ਹਰ ਅਗਸਤ ਮਹੀਨੇ ਅਸੀਂ ਪਹਿਲਾ ਸਫਰ ਰੱਖਦੇ ਹਾਂ। ਇਹ ਸਿਰਫ ਕਿਡਰਗਾਰਟਨ ਦੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਲਈ ਹੁੰਦਾ ਹੈ। ਤਰੀਕਾਂ ਅਤੇ ਜਗ੍ਹਾ ਦੀ ਜਾਣਕਾਰੀ ਮਾਪਿਆਂ ਨੂੰ ਭੇਜੀ ਜਾਂਦੀ ਹੈ ਜਿਨ੍ਹਾਂ ਨੇ ਬੱਚਿਆਂ ਨੂੰ ਕਿਡਰਗਾਰਟ ਵਿੱਚ ਰਜਿਸਟਰਡ ਕਰਵਾਇਆ ਹੁੰਦਾ ਹੈ।

**5. ? ਕੀ ਮੈਂ ਪਹਿਲੇ ਦਿਨ ਬੱਸ ਤੇ ਜਾ ਸਕਦਾ/ਜਾ ਸਕਦੀ ਹਾਂ।**
- ਨਹੀਂ ਮਾਫ ਕਰਨਾ ਤੁਸੀਂ ਬੱਚੇ ਨਾਲ ਬੱਸ ਤੇ ਨਹੀਂ ਜਾ ਸਕਦੇ। ਬੱਸ ਵਿੱਚ ਬੈਠਣ ਦੀ ਜਗ੍ਹਾ ਤੇ ਸਕਿਉਰਿਟੀ ਦਾ ਮਸਲਾ ਹੈ।

**6. ? ਅਗਰ ਮੈਨੂੰ ਡਰਾਈਵਰ ਨਾਲ ਕੋਈ ਕੰਪਲੇਨ ਹੈ ਤਾਂ ਕੀਹਨੂੰ ਕਾਲ ਕਰਾਂ।**
- ਮਿਹਰਬਾਨੀ ਕਰਕੇ ਸਾਨੂੰ info@southland.pwt.ca ਤੇ ਈਮੇਲ ਕਰੋ।

**7. ? ਕੀ ਬੱਚੇ ਬੱਸ ਵਿੱਚ ਖਾ ਸਕਦੇ ਹਨ।**
- ਇਸ ਤਰ੍ਹਾਂ ਹੈ, ਕਈ ਬੱਚਿਆਂ ਦੀ ਅਲਰਜੀ ਨੂੰ ਦੇਖ ਕੇ ਬੱਚਿਆਂ ਨੂੰ ਬੱਸ 'ਚ ਖਾਣਾ ਮਨ੍ਹਾ ਹੈ। ਬਾਕੀ ਬੱਸ ਦੇ ਡਰਾਈਵਰ ਤੇ ਨਿਰਭਰ ਹੈ।

**8. ? ਬੱਚਾ ਬੱਸ ਸਟਾਪ ਤੇ ਕਿੰਨੇ ਵਜੇ ਹੋਣਾ ਚਾਹੀਦਾ ਹੈ।**
- ਆਪ ਦਾ ਬੱਚਾ, ਬੱਚੇ ਨੂੰ ਚੁੱਕਣ ਦੇ ਟਾਇਮ ਤੋਂ 5 ਮਿੰਟ ਪਹਿਲਾਂ ਸਟਾਪ ਤੇ ਹੋਣਾ ਚਾਹੀਦਾ ਹੈ।

**9. ? ਕੀ ਬੱਸ ਮੇਰੇ ਬੱਚੇ ਦੀ ਉਡੀਕ ਕਰੇਗੀ।**
- ਮਾਫ ਕਰਨਾ, ਬੱਸ ਕਿਸੇ ਬੱਚੇ ਲਈ ਉਡੀਕ ਨਹੀਂ ਕਰ ਸਕਦੀ, ਡਰਾਈਵਰ ਨੇ ਆਪਣੇ ਟਾਇਮ ਤੇ ਸਕੂਲ ਪਹੁੰਚਣਾ ਹੈ।

**10. ? ਬੱਸ ਲੇਟ ਹੋਣ ਦੀ ਕਿਹੜੀ ਵਜ੍ਹਾ ਹੈ।**
- ਮੌਸਮ, ਟਰੈਫਿਕ ਨੂੰ ਰਸਤਾ ਬਦਲਣਾ ਵੀ ਸਕੂਲ ਬੱਸ ਲੇਟ ਕਰ ਸਕਦਾ ਹੈ।

**11.? ਸਾਊਥਲੈਂਡ ਵਾਲੇ ਆਪਣੇ ਟਾਇਮ ਕਿਵੇਂ ਚੈੱਕ ਕਰਦੇ ਹਨ।**
- ਸਾਊਥਲੈਂਡ ਵਾਲਿਆਂ ਕੋਲ ਇਲੈਕਟਰੌਨਿਕ ਕਲਾਕ ਹਨ। ਟਾਇਮ ਤੇ ਆਟੋਮੈਟਿਕ ਕਲਾਕ ਵੱਜਦਾ ਹੈ। ਚੰਗੀ ਤਰ੍ਹਾਂ ਟਾਇਮ ਚੈੱਕ ਕਰਨ ਲਈ 11:00 ਵਜੇ ਸੀ ਬੀ ਸੀ ਰੇਡੀਉ 1010 ਏ ਐਮ ਤੇ ਚੈੱਕ ਕੀਤਾ ਜਾਂਦਾ ਹੈ।

**12. ? ਅਗਰ ਮੇਰਾ ਬੱਚਾ ਬੱਸ ਮਿੱਸ ਕਰ ਜਾਵੇ ਤਾਂ ਮੈਂ ਕੀ ਕਰਾਂ।**
- ਅਗਰ ਤੁਹਾਡਾ ਬੱਚਾ ਸਕੂਲ ਬੱਸ ਮਿੱਸ ਕਰ ਜਾਂਦਾ ਹੈ ਤੇ ਤੁਹਾਨੂੰ ਆਪ ਬੱਚਾ ਸਕੂਲ ਲਿਜਾਣਾ ਪਵੇਗਾ।

**13. ? ਕਿਸ ਤਰ੍ਹਾਂ ਦੀ ਚੀਜ ਸਕੂਲ ਬੱਸ ਤੇ ਲਿਜਾਣ ਦੀ ਇਜਾਜਤ ਨਹੀਂ ਹੈ।**
- ਕਿਸੇ ਕਿਸਮ ਦਾ ਜਾਨਵਰ, ਸਕੇਟਬੋਰਡ, ਹਾਕੀ ਸਟਿੱਕ ਤੇ ਕਾਰਡ ਬੋਰਡ ਡਿਸਪਲੇਅ ਸੇਫਟੀ ਕਰਕੇ ਬੱਸ ਤੇ ਨਹੀਂ ਲਿਜਾ ਸਕਦੇ।

**14. ਸਾਡੇ ਬੱਚੇ ਕੈਲਗਰੀ ਪਬਲਿਕ ਸਕੂਲ ਬੱਸ ਤੇ ਜਾਂਦੇ ਹਨ ਤੇ ਅਸੀਂ ਬੱਸ ਪਾਸ ਕਿਥੋਂ ਲੈ ਸਕਦੇ ਹਾਂ।**
- ਬੱਸ ਪਾਸ ਬਾਰੇ ਸਭ ਕੁਝ ਸਕੂਲ ਬੋਰਡ ਰਾਹੀਂ ਹੁੰਦਾ ਹੈ ਅਤੇ ਉਹ ਟਰਾਂਸਪੋਰਟ ਆਫਿਸ ਬੋਰਡ ਨੂੰ ਭੇਜਿਆਂ ਜਾਂਦਾ ਹੈ।

**15. ? ਅਗਰ ਮੇਰੇ ਬੱਚੇ ਦਾ ਬੱਸ ਤੇ ਕੁਝ ਗੁਆਚ ਜਾਂਦਾ ਹੈ ਤੇ ਅਸੀਂ ਕਿਥੋਂ ਕਲਿਕਟ ਕਰ ਸਕਦੇ ਹਾਂ।**
- ਸਾਊਥਲੈਂਡ ਵਾਲੇ ਕੋਈ ਲੱਭੀ ਹੋਈ ਚੀਜ ਨਹੀਂ ਰੱਖਦੇ। ਗੁਆਂਚੀ ਹੋਈ ਚੀਜ ਸਕੂਲ ਦੇ ਗੁਆਂਚੀ ਅਤੇ ਲੱਭੀ ਚੀਜ ਵਿੱਚ ਭੇਜ ਦਿੱਤੀ ਜਾਂਦੀ ਹੈ।

**16. ? ਅਗਰ ਮੇਰੇ ਬੱਚੇ ਦੀ ਕੋਈ ਅਪਾਇੰਟਮੈਂਟ ਹੋਵੇ ਤੇ ਬੱਸ ਵਿੱਚ ਨਾ ਜਾਣਾ ਹੋਵੇ ਤਾਂ ਕਿਸਨੂੰ ਦੱਸਣਾ ਚਾਹੀਦਾ ਹੈ।**
- ਅਗਰ ਆਪ ਦੇ ਬੱਚੇ ਨੂੰ ਸਵੇਰੇ ਪਤਾ ਹੋਵੇ ਕਿ ਬੱਸ ਤੇ ਸ਼ਾਮ ਨੂੰ ਨਹੀਂ ਹੋਵੇਗਾ ਤਾਂ ਡਰਾਈਵਰ ਨੂੰ ਦੱਸ ਸਕਦਾ ਹੈ। ਆਉਣ ਵਾਲੀ ਅਪਾਇੰਟਮੈਂਟ ਲਈ ਸਕੂਲ ਅਤੇ ਡਰਾਈਵਰ ਨੂੰ ਦੱਸਣਾ ਚਾਹੀਦਾ ਹੈ।

**17. ? ਸਕੂਲ ਬੱਸ ਕੈਲਗਰੀ ਵਿੱਚ ਸਟਾਪ ਆਰਮ ਜਾਂ ਫਲੈਸ਼ਿੰਗ ਲਾਈਟ ਕਿਉਂ ਨਹੀਂ ਵਰਤਦੇ ਜਦੋਂ ਬੱਚੇ ਉਤਰਦੇ ਜਾਂ ਚੜ੍ਹਦੇ ਹਨ।**
- ਸਿਟੀ ਦੇ ਬਾਈ ਲਾ ਦੇ ਕਨੂੰਨ ਹਨ ਕਿ ਸਿਟੀ ਵਿੱਚ ਤੁਸੀਂ ਕਦੋਂ ਫਲੈਸ਼ਿੰਗ ਲਾਈਟ ਵਰਤ ਸਕਦੇ ਹੋ। ਸਿਟੀ ਦੇ ਬਾਈ ਲਾ ਹੇਠਾ ਸੈਕਸ਼ਨ ਅਲਬਰਟਾ ਹਾਈਵੇ ਟਰੈਫਿਕ ਐਕਟ 105 ਫਲੈਸ਼ਿੰਗ ਲਾਈਟਾਂ ਸਕੂਲ ਬੱਸ ਉਤੇ ਦੇਖ ਸਕਦੇ ਹੋ।

Click Here For Bylaw Number 26M96 SCHEDULE "L"